**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐੱਸ. ਸੀ. ਓ. ਨੰ: 104-106, ਸੈਕਟਰ-34-ਏ, ਚੰਡੀਗੜ੍ਹ**

ਵੱਲ

1. ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿੱ.), ਪੰਜਾਬ ।
2. ਸਮੂਹ ਸਕੂਲ ਮੁਖੀ ( ਸੈਕੰਡਰੀ ਸਕੂਲ ), ਪੰਜਾਬ ।

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ-ਟੀ.ਟੀ./037367-037386

ਮਿਤੀ : ਚੰਡੀਗੜ੍ਹ 17.05.2010

**ਵਿਸ਼ਾ: ਨੌਂਵੀਂ ਅਤੇ ਦਸਵੀਂ ਜਮਾਤ ਲਈ ਮਹੀਨਾਵਾਰ ਸਿਲੇਬਸ ਤੇ ਅਧਾਰਤ ਪੰਜਾਬੀ ਵਿਸ਼ੇ ਦੇ ਪੇਪਰ ਸੈੱਟ ਕਰਨ ਸਬੰਧੀ ।**

1.0 ਉਪਰੋਕਤ ਵਿਸ਼ੇ ਵਲ ਉਚੇਚਾ ਧਿਆਨ ਦਿੱਤਾ ਜਾਵੇ ਜੀ ।

2.0 ਪੰਜਾਬੀ ਵਿਸ਼ੇ ਦੇ ਕੁੱਝ ਅਧਿਆਪਕਾਂ ਵਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਵਿਸ਼ਾ ਅਧੀਨ ਜਮਾਤਾਂ ਲਈ ਪੰਜਾਬੀ ਦੇ ਪੇਪਰ- ਏ ਅਤੇ ਬੀ-ਦੋਵੇਂ ਵੀਹ ਨੰਬਰ ਦੇ ਸੈੱਟ ਕਰਨ ਵਿੱਚ ਉਹ ਦਿੱਕਤ ਮਹਿਸੂਸ ਕਰ ਰਹੇ ਹਨ ।

3.0 ਉਨ੍ਹਾਂ ਦੀ ਇਸ ਦਿੱਕਤ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੇਪਰ **ਏ** ਅਤੇ **ਬੀ** ਨੂੰ ਦਸ ਦਸ ਅੰਕਾਂ ਵਿੱਚ ਵੰਡ ਕੇ ਸੈੱਟ ਕੀਤਾ ਜਾਵੇ। ਪ੍ਰਸ਼ਨ ਵਸਤੂਨਿਸ਼ਠ ਪੁੱਛੇ ਜਾਣ।

4.0 ਪੇਪਰ ਸੈੱਟ ਕਰਨ ਦਾ ਸਟਾਇਲ ਆਪ ਸਭ ਕੋਲ ਪਹਿਲਾਂ ਹੀ ਹੈ।ਇਹ ਵੀ ਜਰੂਰੀ ਨਹੀਂ ਕਿ ਦੋਹਾਂ ਪੇਪਰਾਂ ਵਿੱਚ ਪ੍ਰਸ਼ਨ ਪੰਜ ਨੰਬਰਾਂ ਤੋਂ ਉੱਪਰ ਵਾਲੇ ਹੀ ਪੁੱਛਣੇ ਹਨ। ਮਹੀਨੇ ਦੇ ਪੂਰੇ ਸਿਲੇਬਸ ਵਿੱਚੋਂ ਅੱਧਾ, ਇੱਕ, ਡੇਢ ਜਾਂ ਦੋ ਨੰਬਰਾਂ ਵਾਲੇ ਪ੍ਰਸ਼ਨ ਪੁੱਛ ਕੇ ਪ੍ਰਸ਼ਨ ਪੱਤਰ ਨੂੰ ਵਿਸਥਾਰ ਦਿੱਤਾ ਜਾਵੇ ਤਾਂ ਜੋ ਪੂਰੇ ਮਹੀਨੇ ਲਈ ਨਿਰਧਾਰਤ ਸਿਲੇਬਸ ਦੇ ਤਹਿਤ ਵਿਦਿਆਰਥੀਆਂ ਦਾ ਮੁਲਾਂਕਣ ਸਮੁੱਚੇ ਰੂਪ ਵਿੱਚ ਕੀਤਾ ਜਾ ਸਕੇ ।

5.0 ਹਦਾਇਤ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**